# ਆਪਣੇ ਹੱਕ ਜਾਣੋ!

ਇਸ ਨਵੇਂ ਕਾਨੂੰਨ ਦੀ ਕਿਸੇ ਉਲੰਘਣਾ ਦੀ ਰਿਪੋਰਟ ਕਰਨ ਲਈ, ਜਾਂ ਹੋਰ ਜਾਣਨ ਲਈ, ਕਿਰਪਾ




ICE OUT OF CALIFORNIA · ASIAN AMERICANS ADVANCING JUSTICE ASIAN LAW CAUCUS · CALIFORNIA IMMIGRANT POLICY CENTER · NDLON NATIONAL DAY LABORER ORGANIZING NETWORK

ਕੈਲੀਫੋਰਨੀਆ ਵੈਲਯੂਜ ਐਕਟ ਜਾਂ ਐਸ.ਬੀ 54, ਜਿਸ ਨੂੰ "ਸ਼ਰਨਾਰਥੀ ਰਾਜ" ਕਾਨੂੰਨ ਵੀ ਕਹਿੰਦੇ ਹਨ, ਜੋ ਇੱਕ ਨਵਾਂ ਰਾਜ ਕਾਨੂੰਨ ਹੈ ਜੋ ਪੁਲਿਸ ਅਤੇ ਸ਼ੈਰਿਫ ਨੂੰ ਡੇਪੋਰਟੇਸ਼ਨ ਏਜੰਟ ਦੇ ਤੌਰ ਤੇ ਕੰਮ ਕਰਨ ਤੋਂ ਰੋਕਦਾ ਹੈ। ਆਪਣੇ ਹੱਕ ਜਾਣੋ!

## ਪੁਲਿਸ!ਅਤੇ!ਸ਼ੈਰਿਫ਼

- ਨਹੀਂ ਪੁੱਛ ਸਕਦੇ ਤੁਹਾਡੇ ਇਮੀਗਰੇਸ਼ਨ ਰੁਤਬੇ ਬਾਰੇ।
- ਨਹੀਂ ਗ੍ਰਿਫਤਾਰ ਕੀਤਾ ਜਾ ਸਕਦਾ ਤੁਹਾਨੂੰ ਕਿਸੇ ਡੈਪੋਰਟੇਸ਼ਨ ਹੁਕਮ ਦੀ ਪਾਲਣਾ ਵਾਸਤੇ ਜਾਂ ਜ਼ਿਆਦਾਤਰ ਹੋਰ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਾਰਨ।
- ਨਹੀਂ ਵਰਤ ਸਕਦੇ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈਸ) ਜਾਂ ਬਾਰਡਰ ਪੈਟਰੋਲ ਏਜੰਟਾ* ਨੂੰ ਭਾਸ਼ਾ ਅਨੁਵਾਦ ਦੇ ਲਈ।
- ਨਹੀਂ ਸਾਂਝਾ ਕੀਤਾ ਜਾ ਸਕਦਾ ਤੁਹਾਡੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡੇ ਘਰ ਦੇ ਪਤੇ ਨੂੰ ਆਈਸ ਜਾਂ ਬਾਰਡਰ ਪੈਟਰੋਲ ਏਜੰਟਾ ਨਾਲ, ਜਦੋਂ ਤੱਕ ਇਹ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਨਹੀਂ ਹੁੰਦੀ

## ਜੇ ਸਥਾਨਕ ਪੁਲਿਸ ਜਾਂ ਸ਼ੈਰਿਫ ਤੁਹਾਨੂੰ ਗ੍ਰਿਫਤਾਰ ਕਰਦੇ ਹਨ, ਤਾਂ ਵੀ ਉਹ

- ਨਹੀਂ ਰੱਖ ਸਕਦੇ ਤੁਹਾਨੂੰ ਵਾਧੂ ਸਮਾਂ ਲੈਣ ਲਈ ਜੇਲ੍ਹ ਵਿਚ ਇਮੀਗ੍ਰੇਸ਼ਨ ਏਜੰਟਾਂ ਲਈ।
- ਨਹੀਂ ਕਰ ਸਕਦੇ ਇਮੀਗ੍ਰੇਸ਼ਨ ਏਜੰਟ ਤੁਹਾਡੇ ਨਾਲ ਇੰਟਰਵਿਊ ਬਿਨਾਂ ਤੁਹਾਡੀ ਲਿਖਤੀ ਸਹਿਮਤੀ ਤੋਂ। ਤੁਹਾਡੇ ਕੋਲ ਹੱਕ ਹੈ ਇੰਟਰਵਿਊ ਤੋਂ ਇਨਕਾਰ ਕਰਨ ਦਾ ਅਤੇ ਚੁੱਪ ਰਹਿਣ ਦਾ।
- ਨਹੀਂ ਦਸ ਸਕਦੇ ਇਮੀਗ੍ਰੇਸ਼ਨ ਏਜੰਟਾ ਨੂੰ ਕਿ ਤੁਸੀਂ ਰਿਹਾਅ ਹੋ ਜਾਓਗੇ, ਜਾਂ ਤੁਹਾਨੂੰ ਉਹਨਾਂ ਦੀ ਹਿਰਾਸਤ ਵਿਚ ਭੇਜ ਦੇਣਗੇ, ਪਰ
    - ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਤੁਹਾਡੀ ਰਿਹਾਈ ਦੀ ਬਾਰਡਰ ਪੈਟਰੋਲ ਏਜੰਟਾ ਨੂੰ ਸੂਚਤ ਕਰਨਾ ਚੁਣ ਸਕਦੇ ਹਨ ਜਾਂ ਤੁਹਾਡਾ ਤਬਾਦਲਾ ਕਰ ਸਕਦੇ ਹਨ ਜੇ ਤੁਹਾਡੇ ਖਿਲਾਫ ਕੁੱਝ ਦੋਸ਼ ਸਾਬਿਤ ਹਨ, ਜਿਵੇਂ ਕਿ:.
        - ਰਾਜ ਦੇ ਸੰਗੀਨ ਜੁਰਮਾਂ ਦੀ ਕੈਦ ਦੀ ਸਜ਼ਾ
        - ਹੋਰ ਕਈ ਸੰਗੀਨ ਜੁਰਮਾ ਦਾ ਸਾਬਿਤ ਹੋਣਾ ਪਿਛਲੇ 15 ਸਾਲਾਂ ਦੇ ਅੰਦਰ-ਅੰਦਰ
        - 5 ਸਾਲਾਂ ਦੇ ਅੰਦਰ ਉੱਚ-ਪੱਧਰ ਦੇ ਦੁਰਵਿਵਹਾਰ

        (ਪਰ ਸਥਾਨਕ ਲੋਕ ਕਨੂੰਨੀ ਸਹੀ ਪ੍ਰਕਿਰਿਆ ਦੀ ਰੱਖਿਆ ਕਰਨ ਲਈ, ਘੱਟ ਅਪਵਾਦਾਂ ਸਮੇਤ ਮਜ਼ਬੂਤ ਨੀਤੀਆਂ ਨੂੰ ਪਾਸ ਕਰ ਸਕਦੇ ਹਨ.)
    - ਸਥਾਨਕ ਕਾਨੂੰਨ ਲਾਗੂ ਕਰਨ ਵਾਲਾ ਤੁਹਾਡੀ ਇਮੀਗ੍ਰੇਸ਼ਨ ਏਜੰਟਾਂ ਨੂੰ ਤੁਹਾਡੀ ਰਿਹਾਈ ਦੀ ਤਾਰੀਖ ਬਾਰੇ ਸੂਚਿਤ ਕਰ ਸਕਦੇ ਹੈ ਜੇ ਜਾਣਕਾਰੀ ਪਹਿਲਾਂ ਹੀ ਜਨਤਕ ਹੈ।
    - ਜੇ ਸਥਾਨਕ ਕਾਨੂੰਨ ਲਾਗੂ ਕਰਨ ਵਾਲਾ ਤੁਹਾਨੂੰ ਇਮੀਗ੍ਰੇਸ਼ਨ ਏਜੰਟ ਨੂੰ ਸੂਚਿਤ ਕਰਨ ਜਾਂ ਬਦਲਣ ਦਾ ਫੈਸਲਾ ਕਰਦਾ ਹੈ, ਤਾਂ ਉਨ੍ਹਾਂ ਨੂੰ ਤੁਹਾਨੂੰ ਅਗੇਤੀ ਲਿਖਤੀ ਨੋਟਿਸ ਅਤੇ ਆਈਸ ਜਾਂ ਬਾਰਡਰ ਪੈਟਰੋਲ ਦੀ ਬੇਨਤੀ ਦੀ ਇੱਕ ਕਾਪੀ ਦੇਣਾ ਚਾਹੀਦਾ ਹੈ। ਇਹ ਤੁਹਾਡੇ ਕੇਸ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰੇਗਾ.

## ਰਾਜ ਦੇ ਜੇਲ੍ਹ ਅਧਿਕਾਰੀ:

- ਨਹੀਂ ਇੰਟਰਵਿਊ ਹੋਣ ਦੇ ਸਕਦੇ ਇਮੀਗ੍ਰੇਸ਼ਨ ਏਜੰਟਾ ਨਾਲ ਬਿਨਾਂ ਤੁਹਾਡੀ ਲਿਖਤੀ ਸਹਿਮਤੀ ਤੋਂ।
- ਨਹੀਂ ਸੀਮਤ ਕਰ ਸਕਦੇ ਤੁਹਾਡੀ ਪਹੁੰਚ ਪੁਨਰਵਾਸ ਅਤੇ ਵਿਦਿਅਕ ਪ੍ਰੋਗਰਾਮਾਂ ਤਕ।
- ਨਹੀਂ ਵਿਚਾਰ ਕਰ ਸਕਦੇ ਤੁਹਾਡਾ ਇਮੀਗ੍ਰੇਸ਼ਨ ਰੁਤਬਾ 'ਤੁਹਾਡਾ ਵਰਗੀਕਰਣ ਨੂੰ ਨਿਰਧਾਰਨ ਕਰਦੇ ਸਮੇਂ।

**ਯਾਦ ਰੱਖਣਾ!** ਤੁਹਾਨੂੰ ਚੁੱਪ ਰਹਿਣ ਦਾ ਹਮੇਸ਼ਾਂ ਹੱਕ ਹੁੰਦਾ ਹੈ। ਕਾਨੂੰਨ ਲਾਗੂ ਕਰਨ ਵਾਲੇ ਵਿਅਕਤੀ ਨਾਲ ਗੱਲ ਕਰਦੇ ਹੋਏ ਤੁਹਾਡੀ ਦਸੀ ਕਿਸੇ ਵੀ ਚੀਜ ਨੂੰ ਤੁਹਾਡੇ ਖਿਲਾਫ ਇਸਤੇਮਾਲ ਕੀਤਾ ਜਾ ਸਕਦਾ ਹੈ – ਆਪਣੇ ਇਮੀਗ੍ਰੇਸ਼ਨ ਦੇ ਰੁਤਬੇ, ਨਾਗਰਿਕਤਾ, ਕਦੋਂ ਜਾਂ ਕਿਵੇ ਤੁਸੀਂ ਅਮਰੀਕਾ ਆਏ, ਜਾਂ ਤੁਸੀਂ ਕਿੱਥੋ ਦੇ ਹੋ ਬਿਲਕੁਲ ਨਾ ਦਸੋ।
(ਇਹਨਾਂ ਵਿੱਚੋਂ ਕੋਈ ਵੀ ਕਨੂੰਨੀ ਸਲਾਹ ਦੇ ਤੌਰ ਤੇ ਨਹੀਂ ਹੈ.)

* ਆਈਸ ਅਤੇ ਬਾਰਡਰ ਪੈਟਰੋਲ ਏਜੰਟ ਨੂੰ ਵੀ "ਇਮੀਗ੍ਰੇਸ਼ਨ ਏਜੰਟਾਂ" ਵਜੋਂ ਜਾਣਿਆ ਜਾਂਦਾ ਹੈ.